**International Journal of Academic Research and Development**
**ISSN: 2455-4197, Impact Factor: RJIF 5.22**
**www.academicsjournal.com**
**Volume 1; Issue 5; May 2016; Page No. 98-100**

# ਪੰਜਾਬੀ ਕਿੱਸਾ ਕਾਵਿ ਦੀ ਪਰਿਭਾਸ਼ਾ

**Harwant Singh Bains**

Principal, Gurukul College, Bathinda, Punjab, India

ਪੰਜਾਬੀ ਕਿੱਸਾ ਕਾਵਿ ਦੇ ਉਦਭਵ ਸਬੰਧੀ ਪੰਜਾਬੀ ਦੇ ਵਿਦਵਾਨਾਂ ਦਾ ਵਧੇਰੇ ਮਤ ਇਹ ਰਿਹਾ ਹੈ ਕਿ ਇਹ ਕੇਵਲ ਫਾਰਸੀ ਮਸਨਵੀ ਪਰੰਪਰਾ ਰਾਹੀਂ ਪੰਜਾਬੀ ਵਿੱਚ ਆਇਆ। ਪਰੰਤੂ ਇਹ ਗੱਲ ਪੂਰਨ ਸੱਚ ਨਹੀਂ ਹੈ ਕਿੱਸਾ ਕਾਵਿ ਬਾਰੇ ਉਪਲੱਬਧ ਤੱਥਾਂ ਤੋਂ ਇਸ ਮਿਥਿਤ ਸਥਾਪਨਾ ਦਾ ਵਿਰੋਧ ਹੁੰਦਾ ਹੈ। ਜਿਵੇਂ ਮਸਨਵੀ ਵਿਚ ਅਸਲ ਕਹਾਣੀ ਦੇ ਆਰੰਭ ਹੋਣ ਤੋਂ ਪਹਿਲਾਂ ਇੱਕ ਵਿਸ਼ੇਸ਼ ਵਿਸਤ੍ਰਿਤ ਮੰਗਲਾਚਰਨ ਹੁੰਦਾ ਹੈ ਜਿਸ ਵਿੱਚ ਪ੍ਰਭੂ ਦੀ ਉਸਤਤ, ਪੀਰਾਂ ਦੀ ਅਰਾਧਨਾ, ਵਕਤ ਦੇ ਬਾਦਸ਼ਾਹ ਦੀ ਸਿਫਤ, ਮਸਨਵੀ ਲਿਖਣ ਦਾ ਕਾਰਨ, ਆਦਿ ਗੱਲਾਂ ਦਿੱਤੀਆ ਗਈਆਂ ਹੁੰਦੀਆਂ ਹਨ ਪਰੰਤੂ ਪੰਜਾਬੀ ਦੇ ਪਹਿਲੇ ਦੋ ਕਿੱਸਾਕਾਰਾ ਦਮੋਦਰ ਤੇ ਪੀਲੂ ਨੇ ਆਪਣੇ ਕਿੱਸਿਆਂ ਵਿਚ ਮਸਨਵੀ ਵਾਲੀ ਉਕਤ ਪਰੰਪਰਾ ਰਾਹੀਂ ਆਪਣਾ ਹੀ ਕਹਾਣੀ ਦਾ ਸਿੱਧਾ ਬਿਆਨ ਸ਼ੁਰੂ ਕੀਤਾ ਹੈ।

ਨਾਉ ਦਮੋਦਰ ਜਾਤ ਗੁਲਾਟੀ ਆਇਆ ਸਿੱਕ ਸਿਆਲੀ
ਆਪਣੇ ਮਨ ਵਿਚ ਮਸਲਤ ਕੀਤੀ ਬਹਿ ਕੇ ਹਿਥਾਈ ਜਾਲੀ
ਵੜਿਆ ਵੰਝ ਚੂਚਕ ਦੇ ਵੇਹੜੇ ਜਿਥੇ ਸਿਆਲ ਅਬਦਾਲੀ
ਆਖ ਦਮੋਦਰ ਖੁਸ਼ੀ ਹੋਈ ਉਸ ਵੇਖ ਉਹਨਾਂ ਦੀ ਚਾਲੀ[1]

ਘਰ ਖੀਵੇ ਦੇ ਸਾਹਿਬਾਂ ਜੰਮੀ ਮੰਗਲਵਾਰ
ਡੂਮ ਸੋਹਲੀ ਗਾਵਦੇ ਖਾਨ ਖੀਵੇ ਦੇ ਬਾਰ
ਰੱਜ ਦੁਆਈ ਦਿੱਤੀਆਂ ਸੋਹਣੀ ਦੇ ਪਰਿਵਾਰ
ਰਲ ਤਦਬੀਰਾਂ ਬਧੀਆਂ ਛੈਲ ਹੋਈ ਮੁਟਿਆਰ।

ਭਾਰਤੀ ਮਹਾਂ ਕਾਵਿ ਪਰੰਪਰਾ ਵਿਚ ਵੀ ਮੰਗਲਾਚਰਨ ਦੀ ਰੀਤ ਪ੍ਰਚਲਿਤ ਸੀ। ਦਮੋਦਰ ਨੇ ਸਾਹਿਬ ਦੇ ਅਰਾਧਨਾ ਵਜੋਂ ਤਿੰਨ ਤੁਕਾਂ ਵੀ ਦਿੱਤੀਆਂ ਹਨ ਤਾਂ ਉਸ ਮਸਨਵੀ ਵਾਲੇ ਲੰਮੇ ਚੋੜੇ ਮੰਗਲਾਚਰਨ ਦੇ ਟਾਕਰੇ ਕੁਝ ਵੀ ਨਹੀਂ। ਤੇਜਾ ਸਿੰਘ ਤੇ ਸੁਰਿੰਦਰ ਸਿੰਘ ਕੋਹਲੀ ਅਨੁਸਾਰ ਉਸਤਤ ਦੀਆਂ ਇਹਨਾਂ ਤੁਕਾਂ ਉੱਤੇ ਭਗਤੀ ਲਹਿਰ ਅਰਥਾਤ ਗੁਰਮਤਿ ਦਾ ਪ੍ਰਭਾਵ ਪ੍ਰਗਟ ਹੁੰਦਾ ਹੈ। ਦਮੋਦਰ ਦੇ ਕਿੱਸਾ ਹੀਰ ਰਾਂਝਾ ਦਾ ਦਵੱਈਆ ਅਤੇ ਪੀਲੂ ਦੇ ਕਿੱਸੇ ਮਿਰਜ਼ਾ ਸਾਹਿਬਾਂ ਦਾ ਦੋਹਰਾ ਛੰਦ ਬੇਸ਼ੱਕ ਮਸਨਵੀ ਦੇ ਦੋ ਤੁਕੇ ਨਾਲ ਮੇਲ ਖਾਂਦੇ ਹਨ ਪਰ ਭਾਰਤ ਵਿੱਚ ਵੀ ਇਹ ਛੰਦ ਪੁਰਾਤਨ ਕਾਲ ਤੋਂ ਪ੍ਰਚਲਿਤ ਹੈ। ਉਸ ਸਮੇਂ ਲੋਕ ਗਾਇਕ ਆਪਣੀ ਵਾਰ੍ਹਾਂ ਇਸੇ ਛੰਦ ਵਿੱਚ ਰਚਦੇ ਅਤੇ ਗਾਉਂਦੇ ਸਨ। ਭਾਸ਼ਾ ਪੱਖੋਂ ਦਮਦੋਰ ਦੀ ਭਾਸ਼ਾ ਲਹਿੰਦੇ ਪੰਜਾਬ ਦੀ ਮੁਲਤਾਨੀ ਤੇ ਪੀਲੂ ਦੀ ਕੇਂਦਰੀ ਪੰਜਾਬੀ ਹੈ। ਦੋਹਾਂ ਦੀ ਭਾਸ਼ਾ ਉੱਤੇ ਫਾਰਸੀ ਦਾ ਪ੍ਰਭਾਵ ਮਾਮੂਲੀ ਹੈ। ਦੋਹਾਂ ਕਿੱਸਿਆਂ ਵਿਚ ਨਾਇਕ ਨਾਇਕਾ ਦੀ ਸੁੰਦਰਤਾ ਦਾ ਵਰਨਣ ਵੀ ਪਰੰਪਰਾਗਤ ਭਾਰਤੀ ਹੈ। ਦਮੋਦਰ ਨੇ ਭਾਰਤੀ ਪਰੰਪਰਾ ਅਨੁਸਾਰ ਨਾਇਕਾ ਨਾਲੋਂ ਨਾਇਕ ਦੀ ਸੁੰਦਰਤਾ ਬਿਆਨਣ ਉੱਤੇ ਬਹੁਤ ਜੋਰ ਦਿੱਤਾ ਹੈ। ਹਿੰਦੂ ਪ੍ਰੇਮ ਧਾਰਨਾ ਦਾ ਪ੍ਰਿਯਾ ਆਲੰਬਨ ਪੁਰਖ ਹੀ ਰਹਿੰਦਾ ਹੈ। ਪਿਛਲੇਰੇ ਕਵੀਆਂ ਉੱਤੇ ਮੁਸਲਮਾਨੀ ਸਾਹਿਤ ਤੇ ਸਭਿਆਚਾਰ ਦੇ ਪ੍ਰਭਾਵ ਅਧੀਨ ਨਾਰੀ ਦੇ ਨਖਸਿਖ ਵਰਨਣ ਦੀ ਰੁਚੀ ਪ੍ਰਬਲ ਹੋਈ ਹੈ। ਦਮੋਦਰ ਹੀਰ ਦੇ ਹੁਸਨ ਦੀ ਉਨੀ ਉਸਤਤ ਨਹੀਂ ਕਰਦਾ ਜਿੰਨਾ ਉਸਦੀ ਸੂਰਮਗਤੀ ਦਾ ਮਹੰਸ ਹੀ ਪੀਲੂ ਰਦਿਚਤ ਮਿਰਜ਼ਾ ਸਾਹਿਬਾਂ ਵਿਚ ਪ੍ਰਚਲਿਤ ਹੈ। ਦੋਵੇਂ ਕਿਸੇ ਲੋਕ ਪੱਧਰ ਉਤੇ ਰਹਿੰਦੇ ਹੋਏ ਆਮ ਪ੍ਰਚਲਿਤ ਲੋਕ ਬੋਲ ਵਿਚ ਹਨ। ਪਿਛਲੇਰੇ ਕਵੀਆਂ ਦੀ ਤੁਲਨਾ ਇਹਨਾਂ ਦੀਆਂ ਰਚਨਾਵਾ ਵਿੱਚ ਸਾਧਾਰਨ ਕਥਾ ਵਰਨਣ ਹੀ ਪੇਸ਼ ਹੈ। ਇਹਨਾਂ ਵਿੱਚ ਪੰਜਾਬ ਦੇ ਖੁੱਲ੍ਹੇ ਖੁਲਾਸੇ ਲੋਕ ਜੀਵਨ ਦਾ ਬਲਵਾਨ ਰੂਪ ਵਿਚ ਪ੍ਰਗਟਾਅ ਹੋਇਆ ਹੈ ਅਤੇ ਪਿਛਲੇਰੇ ਕਵੀਆਂ ਵਾਂਗ ਇਸਲਾਮੀ ਸਾਹਿਤ ਅਤੇ ਸਭਿਆਚਾਰ ਦਾ ਪ੍ਰਭਾਵ ਅਸਲੋਂ ਮਾਮੂਲੀ ਹੈ। ਦਮੋਦਰ ਦੇ ਕਿੱਸੇ ਵਿਚ ਨਲ ਦਮਿਯੰਤੀ, ਸੱਸੀ ਪੁੰਨੂ, ਮਾਧਵਾਸਲ ਕਾਮ ਕੁੰਦਲਾ, ਰਾਧਾ ਕ੍ਰਿਸ਼ਨ, ਖੇਲ ਸਖਮ ਆਦਿ ਭਾਰਤੀ ਸੋਮੇ ਦੀਆਂ ਪ੍ਰੀਤ ਕਥਾਵਾਂ ਵੱਲ ਵੀ ਸੰਕੇਤ ਮਿਲਦੇ ਹਨ। ਇਸਤੋ ਸਿੱਧ ਹੁੰਦਾ ਹੈ ਕਿ ਉਸ ਵੇਲੇ ਪੰਜਾਬ ਵਿੱਚ ਲੋਕ ਵਾਂਗ ਬਾਰਾਂਮਾਹੇ, ਦੋਹੇ, ਸ਼ਲੋਕ ਅਤੇ ਪਦਾਂ ਦੇ ਨਾਲ ਲਿਖਣ ਢੰਗ ਵੀ ਲੋਕ ਕਿੱਸੇ ਵਾਰਾਂ ਵਾਲਾ ਹੀ ਹੈ। ਇਸ ਤੋਂ ਬਿਨਾਂ ਇਹਨਾ ਕਿੱਸਾ ਕਵੀਆਂ ਨੇ ਪੰਜਾਬ ਨਾਲ ਸਬੰਧਿਤ ਕਥਾਵਾਂ ਉੱਤੇ ਹੀ ਕਾਵਿ ਸਿਰਜਣਾ ਕੀਤੀ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਫਾਰਸੀ ਮਸਨਵੀ ਦੇ ਪ੍ਰਭਾਵ ਤੋਂ ਪਹਿਲਾਂ ਵੀ ਪੰਜਾਬ ਵਿਚ ਅਜਿਹਾ ਕਥਾ ਕਾਵਿ ਮੌਜੂਦ ਸੀ ਜਿਸਨੂੰ ਬਾਅਦ ਵਿਚ ਕਿੱਸਾ ਕਾਵਿ ਦਾ ਨਾ ਦਿੱਤਾ ਗਿਆ।[2]

ਪੁਰਾਤਨ ਸਮੇਂ ਵਿੱਚ ਸਾਨੂੰ ਇਹ ਸਾਹਿਤ ਜ਼ਿਆਦਾ ਮੌਖਿਕ ਰੂਪ ਵਿਚ ਹੀ ਮਿਲਦਾ ਸੀ। ਉਸ ਸਮੇਂ ਸਾਹਿਤ ਨੂੰ ਲਿੱਪੀ ਬੱਧ ਕਰਨ ਦਾ ਯੋਗ ਪ੍ਰਬੰਧ ਨਹੀਂ ਸੀ ਲੋਕ ਕਵੀ ਜਾਂ ਪੇਸ਼ਵਾਰ ਗੰਮਤਰੀ ਇਹਨਾਂ ਪ੍ਰੇਮ ਕਥਾਵਾਂ ਨੂੰ ਲੋਕਾਂ ਦੇ ਦਿਲ ਪ੍ਰਚਾਵੇ ਲਈ ਇੱਕਠਾਂ, ਪਿੜਾਂ, ਮੇਲਿਆਂ, ਵਿਆਹ-ਸ਼ਾਦੀਆਂ ਅਤੇ ਹੋਰ ਅਜੇਹੇ ਲੋਕ ਖੁਸ਼ੀ ਦੇ ਮੌਕਿਆਂ ਉੱਤੇ ਗਾ ਕੇ ਸੁਣਾਇਆ ਕਰਦੇ ਸਨ। ਉਹਨਾਂ ਰਾਹੀਂ ਲੋਕ ਵਾਰਾਂ ਵਾਂਗ ਹੀ ਕਥਾਵਾਂ ਰਚਣ ਛੰਦ ਬੱਧ ਕਰਨ ਤੇ ਸਾਂਭਣ ਦਾ ਕੰਮ ਪੁਸ਼ਤ-ਦਰ-ਪੁਸ਼ਤ ਹੁੰਦਾ ਰਿਹਾ। ਇਹ ਲੋਕ ਕਵੀ ਇਹਨਾ ਕਥਾਵਾਂ ਨੂੰ ਸਾਧਾਰਨ ਲੋਕ ਪ੍ਰਚਲਿਤ ਛੰਦਾਂ ਸਵੱਈਏ, ਚੌਪਈ, ਦੋਹਿਰੇ ਅਤੇ ਲੋਕ ਪੱਧਰ ਦੀ ਬੋਲੀ ਵਿੱਚ ਰਚਦੇ ਹਨ। ਪੇਸ਼ਾਵਰ ਲੋਕ ਗਾਇਕ ਇਹਨਾਂ ਕਥਾਵਾਂ ਦੇ ਦਿਲਚਸਪ ਹਿੱਸਿਆਂ ਨੂੰ ਹੀ ਟੋਟਕਿਆਂ ਵਿੱਚ ਛੰਦ ਬੱਧ ਕਰਦੇ ਸਨ। ਉਦਾਹਰਨ ਦੇ ਤੌਰ ਤੇ ਮਿਰਜ਼ਾ ਸਾਹਿਬਾਂ ਦਾ ਕਿੱਸਾ।

ਮੱਧਕਾਲੀ ਪੰਜਾਬ ਵਿੱਚ ਢੋਲਾ ਸੰਮੀ ਜਾਂ ਢੋਲ ਸ਼ਮਸ਼ 'ਹੀਰ ਰਾਂਝਾ', 'ਸੋਹਣੀ ਮਹੀਂਵਾਲ, 'ਮਿਰਜ਼ਾ ਸਾਹਿਬਾਂ', 'ਸੱਸੀ ਪੁੰਨੂ', 'ਲੈਲਾ ਮਜਨੂੰ', ਆਦਿ ਪ੍ਰੀਤ ਜੋੜੀਆਂ ਦੀ ਲੋਕ ਕਥਾਵਾਂ ਦੇ ਆਮ ਪ੍ਰਚਲਿਤ ਹੋਣ ਦੇ ਪ੍ਰਮਾਣ ਤਤਕਾਲੀ ਪੰਜਾਬੀ ਕਵਿਤਾ ਵਿੱਚ ਉਪਲੱਬਧ ਹਨ। ਲੋਕ ਗੀਤਾਂ ਤੋਂ ਬਿਨਾਂ ਸ਼ੇਖ ਫਰੀਦ, ਗੁਰੂ ਨਾਨਕ ਦੇਵ, ਸ਼ਾਹ ਹੁਸੈਨ, ਭਾਈ ਗੁਰਦਾਸ, ਗੁਰੂ ਗੋਬਿੰਦ ਸਿੰਘ ਆਦਿ ਮਹਾਂਕਵੀਆਂ ਦੀਆਂ ਰਚਨਾਵਾਂ ਵਿੱਚ ਇਸ ਤਰ੍ਹਾਂ ਦੇ ਅਨੇਕ ਨਮੂਨੇ ਮਿਲਦੇ ਹਨ। ਭਾਈ ਗੁਰਦਾਸ ਦੀ ਇਕ ਤੁਕ ਸੋਰਫ ਬੀਜਾ ਗਾਣੀਐ ਵਿਚ ਆਏ ਸ਼ਬਦ ਗਾਣੀਐ ਤੋਂ ਇਸ ਗੱਲ ਦਾ ਪ੍ਰਮਾਣ ਮਿਲਦਾ ਹੈ ਕਿ ਪ੍ਰੀਤ ਕਾਵਿ ਭਾਈ ਗੁਰਦਾਸ ਤੋਂ ਉਸ ਤੋਂ ਪਹਿਲਾਂ ਮੌਜੂਦ ਹੀ ਨਹੀਂ ਸੀ ਸਗੋਂ ਇਸਨੂੰ ਗਾਉਣ ਦੀ ਪ੍ਰਥਾ ਵੀ ਪੱਕ ਕਰ ਚੁੱਕੀ ਸੀ। ਸਪੱਸ਼ਟ ਹੈ ਕਿ ਦਮੋਦਰ, ਪੀਲੂ, ਹਾਫਿਜ਼, ਬੁਰਖੁਦਾਰ ਮੁੱਢਲੇ ਕਿੱਸਾ ਕਵੀਆਂ ਦੇ ਨਾਵਾਂ ਨਾਲ ਸਬੰਧਿਤ ਕਿੱਸੇ ਜਿਹੜੇ ਪੰਜਾਬੀ ਸਾਹਿਤ ਵਿੱਚ ਪਹਿਲੇ ਲਿੱਪੀ ਬੋਧ ਰੋਮਾਂਟਿਕ ਮੰਨੇ ਜਾਂਦੇ ਹਨ, ਉਹ ਉਹਨਾਂ ਦੀਆਂ ਬਿਲਕੁਲ ਮੌਲਿਕ ਕਿਰਤਾਂ ਨਹੀਂ ਸਗੋਂ ਉਹ ਤਤਕਾਲੀ ਪ੍ਰਚਲਿਤ ਪ੍ਰਤੀ ਕਥਾਵਾਂ ਉਤੇ ਅਧਾਰਿਤ ਬਿਆਨੀਆਂ ਕਾਵਿ ਹੈ। ਇਹਨਾਂ ਕਵੀਆਂ ਦੀ ਵੱਡੀ ਦੇਣ ਪ੍ਰਚਲਿੱਤ ਮੌਖਿਕ ਕਥਾਵਾਂ ਨੂੰ ਆਪਣੀ ਸ਼ੈਲੀ ਤੇ ਲਿਖਤ ਵਿੱਚ ਲਿਆ ਕੇ ਸੁਰੱਖਿਅਤ ਕਰਨ ਵਿੱਚ ਵੀ ਹੈ।

ਦਮੋਦਰ ਤੋਂ ਪਹਿਲਾਂ ਪੰਜਾਬੀ ਕਾਵਿ ਪਰੰਪਰਾ ਅਸਲੋਂ ਅਧਿਆਤਮਕ ਤੇ ਸੁਧਾਰਕ ਸੀ। ਅਧਿਆਮਿਕ ਸਾਹਿਤ ਅਣਦਿਸਦੀ ਦੁਨੀਆ ਦੀ ਗੱਲ ਕਰਦਾ ਸੀ। ਕਿੱਸਾ ਸਾਹਿਤ ਨੇ ਪੰਜਾਬੀ ਸਾਹਿਤ ਵਿੱਚ ਪਹਿਲੀ ਵਾਰੀ ਸੰਸਾਰੀ ਜੀਵਨ ਦੀ ਗੱਲ ਕੀਤੀ। ਇਸਨੇ ਮਨੁੱਖੀ ਮਨੋਭਾਵਾਂ ਦੇ ਚਿਤਰਨ ਰਾਹੀਂ ਸਾਹਿਤ ਲਈ ਨਵੀਂ ਦਿਲਚਸਪੀ ਪੈਦਾ ਕੀਤੀ ਅਤੇ ਦੇਵਤਿਆਂ ਦੀ ਥਾਂ ਮਨੁੱਖ ਨੂੰ ਨਾਇਕ ਬਣਾ ਕੇ ਪੇਸ਼ ਕੀਤਾ ਹੈ। ਆਤਮਜੀਤ ਸਿੰਘ ਅਨੁਸਾਰ ਪੰਜਾਬੀ ਕਿੱਸਾ ਕਾਵਿ ਦੀ ਲਹਿਰ ਦਾ ਜਨਮ ਹੀ ਮਨੁੱਖ ਦੀ ਇਸ਼ਕ ਅਤੇ ਜੀਵਨ ਨੂੰ ਮੂਰਤੀਮਾਨ ਵੱਲ ਰੁਚਿਤ ਕੀਤਾ ਹੈ।[3]

ਦਮੋਦਰ ਅਤੇ ਪੀਲੂ ਤੋਂ ਪਿੱਛੋਂ ਪੜ੍ਹੇ ਲਿਖੇ ਪੰਜਾਬੀ ਕਿੱਸਾਕਾਰਾ ਦਾ ਦੌਰ ਸ਼ੁਰੂ ਹੁੰਦਾ ਹੈ ਜੋ ਨਵਾਬ ਜਾਂ ਸਰਦਾਰ ਸ਼੍ਰੇਣੀ ਲਈ ਮਾਇਕ ਤੇ ਪਦਾਰਥਕ ਇਵਜ਼ਾਨੇ ਬਦਲੇ ਕਿੱਸੇ ਰਚਣ ਵੱਲ ਰੁਚਿਤ ਹੋਈ ਹੈ। ਹਾਫ਼ਿਜ਼ ਬਰਖ਼ੁਰਦਾਰ ਉਹਨਾਂ ਵਿੱਚੋਂ ਮੋਹਰੀ ਸੀ। ਉਹਨਾਂ ਨੇ ਨਵਾਬ ਜਾਂਫਰ ਖਾਂ ਦੇ ਕਹਿਣ ਉਤੇ 1090 ਈਸਵੀ ਵਿੱਚ ਕਿੱਸਾ ਯੂਸਫ ਜ਼ੁਲੈਖਾਂ ਤੇ ਲਿਖਿਆ ਤੇ ਇਵਜਾਨੇ ਵਜੋਂ ਸੱਤ ਵਿੱਘੇ ਜਮੀਨ, ਘੋੜਾ, ਸਿਰਪਾਉ ਤੋਂ ਸੌ ਰੁਪਏ ਨਗਦ ਪ੍ਰਾਪਤ ਕੀਤੇ ਉਹ ਆਪਣੇ ਕਿੱਸੇ ਯੂਸਫ ਜ਼ੁਲੈਖਾਂ ਵਿਚ ਇਹ ਪ੍ਰਗਟਾਵਾ ਕਰਦਾ ਹੈ।

ਮੈ ਸੈਣਾ ਦੇ ਨਾਲ ਪਰੋਤੇ ਚੁਣ ਚੁਣ ਦੁਰ ਯਗਾਨੇ
ਤਾਂ ਇਹ ਹਾਰ ਮਰੱਤਬ ਹੋਇਆ ਆਲਮਗੀਰ ਜ਼ਮਾਨੇ
ਲਵਾਬ ਜ਼ਾਫਰ ਖਾਂ ਫ਼ੁਰਮਾਹਿਥ ਕੀਤੀ ਤਾਂ ਇਹ ਕਿੱਸਾ ਬੁਣਿਆ
ਜ਼ਾਹਿਨ ਬਾਤਨ ਰਾਜ਼ੀ ਹੋਇਆ ਜਾਂ ਇਹ ਪੜ੍ਹਿਆ ਸੁਣਿਆ
ਇੱਕ ਜ਼ਮੀਨ ਇਨਾਇਤ ਕੀਤੀ ਬਿਘਾ ਸੱਤ ਪਛਾਣੀ
ਜੋੜਾ ਘੋੜਾ ਸਕਦ ਦੁਆਇਆ ਸੌ ਰੁਪਇਆ ਜਾਣੀ [4]

**ਲੋਕ ਸਾਹਿਤ ਅਤੇ ਕਿੱਸਾ ਕਾਵਿ**

ਲੋਕ ਸਾਹਿਤ ਅਤੇ ਕਿੱਸਾ ਕਾਵਿ ਦਾ ਆਪਸੀ ਸਬੰਧ ਬਹੁਤ ਗੂੜ੍ਹਾ ਹੈ। ਸਰੀਰਕ ਲੋਕਾਂ ਵਾਂਗ ਸਾਹਿਤ ਵੀ ਮਨੁੱਖੀ ਜੀਵਨ ਦੀ ਇਕ ਮਾਨਸਿਕ ਲਕ ਹੈ। ਮਨੁੱਖ ਸ਼ੁਰੂ ਤੋਂ ਹੀ ਸਾਹਿਤਕ ਲੋੜ ਦੀ ਪੂਰਤੀ ਕਿਸੇ ਨਾ ਕਿਸੇ ਢੰਗ ਨਾਲ ਕਰਦਾ ਆ ਰਿਹਾ ਹੈ। ਜਦੋਂ ਅਸੀਂ ਪੁਰਾਤਨ ਸਾਹਿਤ ਦੀ ਗੱਲ ਕਰਦੇ ਹਾਂ ਤਾਂ ਬਾਬਾ ਫਰੀਦ ਤੋਂ ਲੈ ਕੇ ਸਤਾਰਵੀ ਸਦੀ ਤੱਕ ਸਾਨੂੰ ਲੋਕ ਸਾਹਿਤ ਜ਼ਿਆਦਾ ਮੌਖਿਕ ਰੂਪ ਵਿੱਚ ਹੀ ਮਿਲਦਾ ਸੀ। ਇਸ ਲੋਕ ਸਾਹਿਤ ਦੀ ਪੰਜਾਬੀ ਲੋਕਯਾਨ ਵਿੱਚ ਬਹੁਤ ਜ਼ਿਆਦਾ ਮਹਾਨਤਾ ਸੀ। ਡਾ. ਵਣਜਾਰਾ ਵੇਦੀ ਅਨੁਸਾਰ, ਪੰਜਾਬੀ ਸਾਹਿਤ ਦਾ ਇਕ ਬੜਾ ਖੂਬਸੂਰਤ ਤੇ ਸਮ੍ਰਿਧ ਰੂਪ ਲੋਕ ਸਾਹਿਤ ਹੈ। ਜਿਸਦਾ ਆਨੰਦ ਪੜ੍ਹੇ ਲਿਖੇ, ਅਨਪੜ੍ਹ ਸਾਰੇ ਪੰਜਾਬੀਆਂ ਦੀਆਂ ਭਾਵਨਾਵਾਂ, ਰੀਝਾਂ ਅਤੇ ਸਧਰਾਂ ਅਤੇ ਸੁਪਨਿਆਂ ਨਾਲ ਇਕ ਸੁਰ ਹੋਣ ਕਰਕੇ ਰੀਤੀ ਰਿਵਾਜਾਂ, ਧਾਰਨਾਵਾਂ, ਸੰਕਲਪਾਂ ਅਤੇ ਵਿਸ਼ਵਾਸਾਂ ਦੀ ਰੂੜ੍ਹੀ ਵਿੱਚੋਂ ਉਗਮਿਆਂ ਹੋਣ ਕਰਕੇ ਲੋਕ ਸੰਸਕ੍ਰਿਤੀ ਦਾ ਅਨਿੱਖੜ ਅੰਗ ਹੈ ਅਤੇ ਇਸਦੇ ਖਲਵਾੜ ਪੰਜਾਬੀ ਹਰ ਗਲੀ ਮਹੁੱਲੇ ਤੇ ਪਿੰਡ ਵਿੱਚ ਖਿੱਲਰੇ ਪਏ ਹਨ।[5] ਲੋਕ ਸਾਹਿਤ ਜਦੋਂ ਅਸੀਂ ਪੁਰਤਾਨ ਸਾਹਿਤ ਦੀ ਪੜਚੋਲ ਕਰਦੇ ਹਾਂ ਤਾਂ ਇਹ ਸਾਹਿਤ ਸਾਨੂੰ ਬੜਾ ਸਿੱਧ ਪੱਧਰਾ ਮਿਲਦਾ ਹੈ। ਡਾ. ਬਲਦੇਵ ਰਾਜ ਗੁਪਤਾ ਨੇ ਲੋਕ ਸਾਹਿਤ ਬਾਰੇ ਲਿਖਿਆ ਹੈ ਕਿ ਲੋਕ ਸਾਹਿਤ ਦੀ ਵਿਆਪਕ ਪਰਿਭਾਸ਼ਾ ਹੇਠ ਲੋਕਾਂ ਦੇ ਜਨ ਜੀਵਨ ਨਾਲ ਸੰਬੰਧਿਤ ਲੋਕਾਂ ਦੁਆਰਾ ਰੱਖਿਆ ਹਰ ਪ੍ਰਕਾਰ ਦਾ ਸਾਹਿਤ ਅਤੇ ਸਾਹਿਤਕ ਕਲਾਵਾਂ (ਲੋਕ ਨਾਲ ਗਿੱਧਾ, ਲੋਕ ਰਸਮਾਂ, ਲੋਕ ਭਰਮ ਆਦਿ ਸਭ ਕੁਝ ਆ ਸਕਦਾ ਹੈ।)[6] ਲੋਕ ਸਾਹਿਤ ਦੀ ਪਰਿਭਾਸ਼ਾ ਦੇਂਦਿਆ ਡਾ. ਵਣਜਾਰਾ ਵੇਦੀ ਲਿਖਦੇ ਹਨ ਕਿ ਮਨੁੱਖੀ ਜਜ਼ਬਿਆਂ, ਭਾਵਨਾਵਾਂ ਤੇ ਅਨੁਭਵਾਂ ਨੂੰ ਪ੍ਰਗਟਾਉਂਦੀ ਪਰੰਪਰਾ ਦੇ ਅੰਸ਼ਾਂ ਨਾਲ ਭਰੀ ਉਹ ਰਚਨਾ ਜਿਸ ਨੂੰ ਸਰਲਚਿੱਤ ਤੇ ਸਾਦਾ ਬੁੱਧੀ ਲੋਕ ਰਚਦੇ ਹਨ ਜਿਸਨੂੰ ਜਨ ਸਮੂਹ ਪ੍ਰਵਾਨ ਕਰਕੇ ਪੀੜ੍ਹੀਓ ਪੀੜ੍ਹੀ ਅੱਗੇ ਤੋਰਦਾ ਹੈ।[7] ਸਾਡਾ ਲੋਕ ਧਾਰਾ ਦਾ ਸਮੂਲ ਲੋਕ ਸਾਹਿਤ ਨਾਲ ਭਰਿਆ ਪਿਆ ਹੈ ਜੋ ਸਾਡੇ ਸਭਿਆਚਾਰ ਦੇ ਵਿਪੱਖ ਨੂੰ ਅੱਗੇ ਤੋਰਨ ਵਿੱਚ ਬਹੁਤ ਸਹਾਈ ਹੁੰਦਾ ਹੈ। ਡਾ. ਵਣਜਾਰਾ ਬੇਦੀ ਅਨੁਸਾਰ ''ਲੋਕ ਸਾਹਿਤ ਇਕ ਅਜਿਹੀ ਸੰਪੱਤੀ ਹੈ ਜਿਸ ਉਪਰ ਹਰੇਕ ਕੌਮ ਮਾਣ ਕਰ ਸਕਦੀ ਹੈ ਕਿਉਂਕਿ ਲੋਕ ਸਾਹਿਤ ਉਹ ਸ਼ੀਸ਼ਾ ਹੈ ਜਿਸ ਵਿੱਚ ਝਾਤੀ ਮਾਰ ਕੇ ਕੋਈ ਸਮਾਜ ਆਪਣੇ ਮੂੰਹ ਦੇ ਦ੍ਰਿਸ਼ਟੀਕੋਣ ਨੈਣ ਨਕਸ਼ ਹੀ ਨਹੀਂ ਅੰਤਰ ਘਟ ਤੱਕ ਹੀ ਹਰ ਅਦ੍ਰਿਸ਼ਟ ਰੇਖਾ ਨੂੰ ਵੀ ਵੇਖ ਸਕਦਾ ਹੈ।[8]

ਡਾ. ਬਿਕਰਮ ਸਿੰਘ ਘੁੰਮਣ ਵੀ ਲੋਕ ਸਾਹਿਤ ਦੀ ਮਹੱਤਤਾ ਬਾਰੇ ਲਿਖਿਆ ਹੈ ਕਿ ''ਦੇਣ ਦੇ ਸਭਿਆਚਾਰ ਦੀ ਭਰਪੂਰ ਜਾਣਕਾਰੀ ਉਸ ਦੇਸ਼ ਦੇ ਲੋਕਯਾਨ ਤੇ ਲੋਕ ਸਾਹਿਤ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਸਾਹਿਤ ਸੰਸਕ੍ਰਿਤੀ ਦੀ ਸ਼ੀਸ਼ਾ ਹੁੰਦਾ ਹੈ।''[9]

''ਲੋਕ ਸਾਹਿਤ ਦਾ ਖਜ਼ਾਨਾ ਸਿੱਧੇ ਸਾਦੇ ਅਨਪੜ੍ਹ ਗੱਭਰੂ ਤੇ ਮੁਟਿਆਰਾਂ, ਹਾਲੀਆਂ ਪਾਲੀਆਂ ਦਿਆ ਆਪ ਮੁਹਾਰੇ ਮੂੰਹੋਂ ਫੁੱਟੇ ਸ਼ਬਦਾਂ ਨਾਲ ਭਰਪੂਰ ਹੁੰਦਾ ਹੈ। ਪਰ ਲਿਖਤੀ ਸਾਹਿਤ ਦਾ ਰਚਨਾਕਾਰ ਕੋਈ ਪ੍ਰਸਿੱਧ ਸਾਹਿਤਕਾਰ ਹੰਦਾ ਹੈ।

- ਲੋਕ ਸਾਹਿਤ ਵਿੱਚ ਪਰੰਪਰਾਮਈ ਅੰਸ਼ਾਂ ਦਾ ਮੂੰਹੋਂ ਮੂੰਹੀ ਚਾਲੇ ਪਏ ਰਹਿਣ ਕਰਕੇ ਕੁਝ ਵਾਧਾ ਘਾਟਾ ਹੋਣ ਦੀ ਸੰਭਾਵਨਾ ਬਣੀ ਰੰਹਿਦੀ ਹੈ। ਪਰ ਲਿਖਤੀ ਸਾਹਿਤ ਤਾਂ ਇਕ ਸੀਲ ਬੰਦ ਲਿਫਾਫੇ ਵਾਂਗ ਵਾਧੇ ਘਾਟੇ ਦੀ ਗੁੰਜਾਇਸ਼ ਨਹੀ ਰੱਖਦਾ।
- ਲੋਕ ਸਾਹਿਤ ਨਾਲ ਕਿਸੇ ਵੀ ਲੇਖਕ ਦਾ ਨਾਂ ਨਹੀਂ ਜੁੜਿਆ ਹੁੰਦਾ ਜਦੋਂ ਕਿ ਲਿਖਤੀ ਸਾਹਿਤ ਵਿੱਚ ਲੇਖਕ ਦਾ ਨਾਂ ਹੁੰਦਾ ਹੈ।
- ਲੋਕ ਸਾਹਿਤ ਦੂਜੇ ਸਾਹਿਤ ਵਾਂਗ ਲਿਖਣ ਜਾਂ ਛਾਪਣ ਸਮੱਗਰੀ ਨਹੀਂ ਭਾਲਦਾ ਇਹ ਤਾਂ ਲੋਕਾਂ ਦੇ ਦਿਲਾਂ ਦੀ ਹੂਕ ਵਿੱਚ ਲੁਕਿਆ ਅਤੇ ਸਮੋਇਆ ਹੁੰਦਾ ਹੈ।
- ਲੋਕ ਸਾਹਿਤ ਲੋਕਾਂ ਦੇ ਜੀਵਨ ਨਾਲ ਇਕ ਕਿਮ ਹੋਣ ਕਰਕੇ ਲੋਕਾਂ ਦੇ ਸਹਾਰੇ ਜਿਉਂਦਾ ਹੈ ਪਰ ਲਿਖਤੀ ਸਾਹਿਤ ਦੇ ਵਿਸ਼ੇ ਅਤੇ ਸ਼ੈਲੀ ਉਪਰ ਕਿਸੇ ਲੇਖਕ ਦੀ ਸ਼ਖਸੀਅਤ ਦੀ ਵੱਖਰੀ ਛਾਪ ਲੱਗੀ ਹੁੰਦੀ ਹੈ।

ਲੋਕ ਸਾਹਿਤ ਤੇ ਸਾਹਿਤ ਵਿਚ ਇੰਨੇ ਅੰਤਰ ਹੋਣ ਦੇ ਬਾਵਜੂਦ ਵੀ ਸਬੰਧ ਵਧੇਰੇ ਹਨ। ਲੋਕ ਸਾਹਿਤ ਜੀਵਨ ਦੇ ਹਰ ਖੇਤਰ ਵਿੱਚ ਸਹਾਈ ਹੁੰਦਾ ਹੈ। ਲੋਕ ਸਾਹਿਤ ਤੋਂ ਸਮੱਗਰੀ ਲੈ ਕੇ ਹੀ ਸਾਹਿਤਕਾਰ ਆਪਣੀਆਂ ਰਚਨਾਵਾਂ ਰਾਹੀਂ ਲੋਕਾਂ ਦਾ ਦਿਲ ਜਿੱਤ ਸਕਦੇ ਹਨ। ਸਾਹਿਤ ਲੋਕ ਸਾਹਿਤ ਤੋਂ ਪ੍ਰੇਰਣਾ ਵੀ ਲੈਂਦਾ ਹੈ ਤੇ ਉਸਦੀ ਅਗਵਾਈ ਵੀ ਕਰਦਾ ਹੈ। ਇਸ ਲਈ ਦੋਹਾਂ ਦਾ ਸਬੰਧ ਅਨਿੱਖੜ ਹੈ। ਇਸੇ ਸਬੰਧ ਕਰਕੇ ਦੋਵੇਂ ਨਰੋਏ ਵੀ ਹਨ। ਡਾ. ਵਣਜਾਰਾ ਬੇਦੀ ਅਨੁਸਾਰ, ''ਲੋਕ ਸਾਹਿਤ ਦੇ ਅਥਾਹ ਸਮੁੰਦਰ ਦੀ ਸ਼ਕਤੀ ਸਮੱਰਥਾ ਨੂੰ ਜਗਾ ਕੇ ਇਸਨੂੰ ਅਜੋਕੇ ਸਾਹਿਤ ਦੀ ਸੱਚਾਈ ਲਈ ਵਰਤੋਂ ਵਿੱਚ ਲਿਆ ਸਕਦਾ ਹੈ।''[10] ਲੋਕ ਸਾਹਿਤ ਦਾ ਸਾਹਿਤ ਵਿਚ ਮਹੱਤਵਪੂਰਨ ਸਥਾਨ ਹੈ ਕਿਉਂਕਿ ਇਸਨੇ ਲਿਖਤੀ ਸਾਹਿਤ ਉਤੇ ਕਾਫੀ ਪ੍ਰਭਾਵ ਪਾਇਆ ਹੈ ਅਤੇ ਲਿਖਤੀ ਸਾਹਿਤ ਦੀਆਂ ਕਈ ਗੱਲਾਂ ਵਿਚ ਲੋਕ ਸਾਹਿਤ ਦਾ ਰਿਣੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਲੋਕ ਗੀਤਾਂ ਦੇ ਕਈ ਰੂਪ, ਬਾਰਾ-ਮਾਹੇ, ਖਿੱਤੀਆਂ, ਪਹਿਰੇ ਛੰਤ, ਅਲਾਹੁਣੀਆਂ, ਕਰਕਲੇ ਆਦਿ ਵਰਤੇ ਹਨ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਅਖਾਣ ਤੇ ਲੋਕਾਂ ਕਥਾਵਾਂ ਦੇ ਪੱਖੋਂ ਲੋਕ ਸਾਹਿਤ ਦਾ ਕਾਫੀ ਹਿੱਸਾ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਸਾਹਿਤ ਅਤੇ ਲੋਕ ਸਾਹਿਤ ਵਿਚ ਕਾਫੀ ਅੰਤਰ ਹੈ ਪਰ ਫਿਰ ਵੀ ਦੋਹਾਂ ਦਾ ਆਪਸੀ ਰਿਸ਼ਤਾ ਸਾਹਿਤਕਾਰ ਜੋ ਲੋਕ ਸਾਹਿਤ ਤੇ ਲੋਕਧਾਰਾ ਤੋਂ ਬਾਹਰ ਹੋ ਕੇ ਰਚਨਾ ਕਰੇਗਾ ਉਸਦੀ ਰਚਨਾ ਨੂੰ ਉਹ ਮਕਬੂਲੀਅਤ ਹਾਸਲ ਨਹੀਂ ਹੋ ਸਕੇਗੀ ਜੋ ਲੋਕਧਰਾਈ ਅਧਾਰ ਤੇ ਕੀਤੀ ਰਚਨਾ ਨੂੰ ਪ੍ਰਾਪਤ ਹੋਵੇਗੀ।[11] ਲੋਕ ਸਾਹਿਤ ਅਤੇ ਸਾਹਿਤ ਨਾਲ ਕਿੱਸਾ ਕਾਵਿ ਦਾ ਬਹੁਤ ਗੂੜ੍ਹਾ ਸਬੰਧ ਹੈ ਜਦੋਂ ਅਸੀਂ ਪੁਰਾਤਨ ਕਿੱਸਿਆਂ ਦੀ ਗੱਲ ਕਰਦੇ ਹਾਂ ਤਾਂ ਇਹਨਾਂ ਕਿੱਸਿਆ ਵਿੱਚ ਲੋਕ ਧਰਾਈ ਅੰਸ਼ ਬਹੁਤ ਮਿਲਦੇ ਹਨ। ਅਸਲ ਵਿੱਚ ਪੰਜਾਬੀ ਕਿੱਸੇ ਹੈ ਹੀ ਲੋਕ ਸਾਹਿਤ ਕਿਉਂਕਿ ਕਿੱਸਾਕਾਰਾਂ ਨੇ ਆਪੋ ਆਪਣੀ ਪਰੰਪਰਾ ਤੋਂ ਬਾਹਰ ਹੋ ਕੇ ਲਿਖਣ ਦੀ ਹਿੰਮਤ ਘੱਟ ਹੀ ਕੀਤੀ ਹੈ। ਡਾ. ਵਣਜਾਰਾ ਬੇਦੀ ਅਨੁਸਾਰ ''ਕਿੱਸਿਆ ਦੇ ਆਧਾਰ ਮੂਲ ਵਿਚ ਉਹ ਲੋਕ ਕਥਾਵਾਂ ਹਨ ਜੋ ਪਰੰਪਰਾਂ ਤੋਂ ਪੰਜਾਬੀਆਂ ਦੇ ਲਹੂ ਮਾਸ ਨਾਲ ਰਚੀਆਂ ਹੋਈਆਂ ਹਨ ਅਤੇ ਇਹ ਕਿੱਸੇ ਲੋਕਧਾਰਾ ਦੇ ਕਣਾਂ ਨਾਲ ਭਰਪੂਰ ਹਨ।[12] ਪੰਜਾਬੀ ਕਿੱਸਾ ਕਾਵਿ ਵਿੱਚ ਲੋਕ ਰੁਚੀਆਂ ਨੂੰ ਪੂਰੀ ਮਹੱਤਤਾ ਮਿਲੀ ਹੈ। ਜ਼ਿਆਦਾਤਾਰ ਪੰਜਾਬੀ ਕਿੱਸਿਆਂ ਦੀ ਕਹਾਣੀ ਪੰਜਾਬ ਦੇ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਜੀਵਨ ਨਾਲ ਸਬੰਧ ਰੱਖਦੀ ਹੈ। ਇਸ ਲਈ ਕਿੱਸਿਆਂ ਵਿਚ ਸਿਰਫ਼ ਪ੍ਰੇਮ ਕਹਾਣੀਆਂ ਹੀ ਨਹੀਂ ਇਹਨਾਂ ਕਿੱਸਿਆਂ ਦੇ ਤਾਣੇ ਪੇਟੇ ਵਿੱਚ ਮੱਧਕਾਲੀਨ ਧਰਮ, ਮਿਥਿਹਾਸ ਸਮਾਜ ਤੇ ਸਭਿਆਚਾਰ ਰੁਚੀਆਂ ਨੂੰ ਉਣ ਕੇ ਪੇਸ਼ ਕੀਤਾ ਗਿਆ ਹੈ। ਡਾ. ਤਾਰਨ ਸਿੰਘ ਅਨੁਸਾਰ ਕਿੱਸੇ ਦੀ ਉੱਤਪਤੀ ਦੀ ਸਾਦੀ ਤੋਂ ਸਾਦੀ ਵਿਆਖਿਆ ਇਹ ਹੋ ਸਕਦੀ ਹੈ ਕਿ ਇਹਨਾਂ ਕਿੱਸਾਕਾਰਾ ਨੇ ਇਹ ਪ੍ਰੇਮ ਕਹਾਣੀਆਂ ਲੋਕਾਂ ਤੋਂ ਸੁਣੀਆਂ ਤੇ ਇਹਨਾਂ ਨੂੰ ਕਵਿਤਾ ਦਾ ਜਾਮਾ ਪਹਿਨਾ ਦਿੱਤਾ ।[13]

ਪੁਰਾਤਨ ਸਮੇਂ ਤੋਂ ਹੀ ਅਸੀ ਲੋਕ ਕਹਾਣੀਆਂ ਸੁਣਦੇ ਆ ਰਹੇ ਹਾਂ। ਇਹ ਕਹਾਣੀਆਂ ਸਮੇਂ ਸਮੇਂ ਅਨੁਸਾਰ ਕਿੱਸਿਆ ਵਿਚ ਪਰਿਵਰਤਿਤ ਹੋਈਆਂ ਹਨ।[14] ਡਾ. ਗੁਰਚਰਨ ਸਿੰਘ ਅਨੁਸਾਰ, ''ਕਿੱਸੇ ਦਾ ਆਧਾਰ ਲੋਕ ਕਹਾਣੀ ਹੈ ਤੇ ਲੋਕ ਕਹਾਣੀਆਂ ਕਿੱਸਿਆਂ ਵਿੱਚੋ ਲੋਕ ਸਾਹਿਤ ਵਿੱਚ ਹੌਲੀ ਹੌਲੀ ਪਰਿਵਰਤਿਤ ਹੋਈਆਂ ਹਨ। ਅੱਗੇ ਫਿਰ ਲਿਖਿਆ ਹੈ ਕਿ, ''ਪੰਜਾਬੀ ਵਿਚ ਲਿਖੇ ਗਏ ਬਹੁਤ ਸਾਰੇ ਕਿੱਸੇ ਨਿਰੇ ਪੁਰੇ ਕਹਾਣੀਆਂ ਦੇ ਪਲੰਦੇ ਹੀ ਨਹੀਂ ਇਹਨਾਂ ਵਿੱਚੋਂ ਕਹਾਣੀ ਦੀ ਕਿੱਲੀ ਦੁਆਲੇ ਕਿੱਸਾਕਾਰ ਦੀਆਂ ਭਿੰਨ ਭਿੰਨ ਰੁਚੀਆਂ ਅਨੁਸਾਰ ਸਾਡਾ ਧਰਮ, ਸਾਹਿਤ ਤੇ ਸਮਾਜ, ਨੀਤੀ, ਮਿਥਿਹਾਸ ਤੇ ਇਤਿਹਾਸ ਉਣਿਆ ਪਿਆ ਹੈ। ਇਹ ਪੰਜਾਬੀ ਸਾਹਿਤ ਦੇ ਦਰਪਣ ਹਨ।[15]

ਲੋਕ ਸਾਹਿਤ ਨੇ ਬਹੁਤ ਸਾਰੀਆਂ ਕਹਾਣੀਆਂ ਕਿੱਸਾ ਸਾਹਿਤ ਨੂੰ ਪ੍ਰਦਾਨ ਕੀਤੀਆਂ ਹਨ ਜਿਵੇਂ ਹੀਰ ਰਾਂਝਾ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ, ਸੱਸੀ ਪੁੰਨੂ ਜਲਾਲੀ, ਕੀਮਾ ਮਲਕੀ, ਰੂਪ ਬਸੰਤ, ਨਲ ਦਮਯੰਤੀ, ਪੂਰਨ ਭਗਤ ਤੇ ਸਾਹਿ ਬਹਿਰਾਮ ਆਦਿ। ਡਾ. ਵਣਜਾਰਾ ਬੇਦੀ ਅਨੁਸਾਰ,[16] ''ਪੰਜਾਬ ਦੀ ਸਾਹਿਤਕ ਪਰੰਪਰਾ ਵੀ ਲੋਕ ਸਾਹਿਤ ਦੇ ਬਲਵਾਨ ਵੇਗ ਨਾਲ ਆਪਣੀਆਂ ਕਿਆਰੀਆਂ ਸਿਜਦੀ ਰਹੀ ਹੈ। ਮੱਧਕਾਲ ਤੋਂ ਹੀ ਪੰਜਾਬੀ ਵਿਚ ਸਾਹਿਤਕ ਪਰੰਪਰਾ ਸਦਾ ਲੋਕਿਕ ਪਰੰਪਰਾ ਨਾਲ ਕਦਮ ਮੇਚ ਕੇ ਤੁਰਦੀ ਹੈ।ਇਸੇ ਪੱਖੋਂ ਵੀ ਸਾਡਾ ਸਾਰਾ ਮੱਧਕਾਲੀ ਸਾਹਿਤ ਲੋਕ ਸੰਸਕ੍ਰਿਤੀ ਨਾਲ ਇਕ ਸੁਰ ਹੋਣ ਕਰਕੇ ਲੋਕ ਤੱਤਾਂ ਨਾਲ ਉਤਪੋਤ ਹੈ। ਡਾਕਟਰ ਸਾਹਿਬ ਅੱਗੇ ਚੱਲ ਕੇ ਫਿਰ ਕਿੱਸੇ ਦੇ ਵਿਕਾਸ ਬਾਰੇ ਲਿਖਦੇ ਹਨ ਕਿ ਪੰਜਾਬੀ ਕਿੱਸਾ ਸਾਹਿਤ ਦਾ ਵਿਕਾਸ ਪੰਜਾਬੀ ਦੀਆਂ ਲੋਕਿਕ ਪਰੰਪਰਾਵਾਂ ਤੇ ਫਾਰਸੀ ਕਾਵਿ ਪ੍ਰਵਿਰਤੀਆਂ ਦੇ ਸੰਜੋਗ ਨਾਲ ਹੋਇਆ। ਇਸ ਸਾਹਿਤ ਦੀ ਬੁਨਿਆਦ ਉਹ ਕਥਾ ਕਾਵਿ ਹੈ ਜੋ ਮੱਧਕਾਲ ਵਿਚ ਫਾਡੀ, ਭੱਟ, ਰਾਸ ਧਰੀਏ ਤੇ ਕਵੀਸ਼ਰ ਲੋਕਾਂ ਦੇ ਮਨੋਰੰਜਨ ਲਈ ਗਾਇਆ ਕਰਦੇ ਸਨ ਇਹ ਪਰੰਪਰਾ ਮੁਗਲਾਂ ਦੇ ਰਾਜ ਸਮੇਂ ਬੜੀ ਬਲਵਾਨ ਸੀ।''[17] ਕਿੱਸਾ ਕਾਵਿ ਤੇ ਦੰਤ ਕਥਾਵਾਂ ਦੇ ਸਬੰਧ ਵਿੱਚ ਡਾ. ਵਣਜਾਰਾ ਬੇਦੀ ਲਿਖਦੇ ਹਨ ਕਿ ਸਾਡੇ ਕਿੱਸਾ ਸਾਹਿਤ ਵਿੱਚ ਉਹਨਾਂ ਦੰਤ ਕਥਾਵਾਂ ਨੂੰ ਹੀ ਕਾਵਿ ਦਾ ਜਾਮਾ ਪਹਿਨਾਇਆ ਗਿਆ ਹੈ ਜੋ ਮੱਧਕਾਲ ਵਿਚ ਪੰਜਾਬ ਦੇ ਉਸਦੇ ਆਸ ਦੇ ਖੇਤਰਾਂ ਵਿਚ ਪ੍ਰਚਲਿਤ ਸਨ ਅਤੇ ਇਹਨਾਂ ਵਿੱਚ ਲੋਕਧਾਰਾ ਉਤਪੋਤ ਹੈ।''[18]

ਡਾ. ਹਰਿਭਜਨ ਸਿੰਘ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ ਕਿ ਪੰਜਾਬ ਲੋਕ ਮਨ ਨੇ ਜਿਤਨਾ ਕਿੱਸਿਆ ਨੂੰ ਪਿਆਰਿਆ ਹੈ ਓਨਾ ਕਿਸੇ ਹੋਰ ਕਾਵਿ ਰੂਪ ਨੂੰ ਨਹੀਂ। ਮੱਧਕਾਲੀ ਪੰਜਾਬੀ ਸਾਹਿਤ ਦੀਆਂ ਕੁਝ ਧਰਾਵਾਂ ਤਾਂ ਕਿਸੇ ਇਕ ਲੋਕ ਸਮੂਹ ਦਾ ਧਰਮ ਬਣ ਗਈਆਂ।''[19]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਕਿੱਸਾ ਕਾਵਿ ਲੋਕ ਸਾਹਿਤ ਦਾ ਹਮੇਸ਼ਾ ਰਿਣੀ ਹੈ ਕਿਉਂਕਿ ਬਹਤੇ ਕਿੱਸਾਕਾਰਾਂ ਨੇ ਆਪਣੀਆਂ ਰਚਨਾਵਾਂ ਦੇ ਵਿਸ਼ੇ ਲੋਕ ਸਾਹਿਤ ਵਿੱਚੋਂ ਹੀ ਅਪਣਾਏ ਹਨ। ਬਹੁਤੇ ਕਿੱਸਾਕਾਰਾਂ ਨੇ ਆਪਣੇ ਕਿੱਸੇ ਦੀ ਕਥਾ ਨੂੰ ਲੋਕਾਂ ਦੇ ਮੂੰਹੋਂ ਸੁਣ ਕੇ ਫਿਰ ਆਪਣੀ ਸ਼ੈਲੀ ਵਿੱਚ ਰੰਗੀਜ਼ ਕੇ ਲੋਕ ਸਮੂਹ ਨੂੰ ਅਰਪਿਤ ਕੀਤਾ ਹੈ। ਸੱਯਦ ਵਾਰਿਮ ਸ਼ਾਹ ਨੇ ਵੀ ਇਹੋ ਸੱਚ ਬਿਆਨ ਕਰਦਿਆਂ ਆਪਣੇ ਕਿੱਸਾ ਹਰੀ ਰਾਂਝਾ ਵਿਚ ਅੰਕਿਤ ਕੀਤਾ ਹੈ।

> ਯਾਰਾਂ ਅਸਾਂ ਨੂੰ ਆਣ ਸਵਾਲ ਕੀਤਾ
> ਇਸ਼ਕ ਹੀਰ ਦਾ ਨਵਾਂ ਬਣਾਈਏ ਜੀ
> ਏਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ,
> ਜੀਭ ਸੋਹਣੀ ਨਾਲ ਸੁਣਾਈਏ ਜੀ
> ਨਾਲ ਅਜਬ ਬਹਾਰ ਦੇ ਸਿਆਰ ਕਰੀਏ
> ਰਾਂਝੇ ਹੀਰ ਦਾ ਮੇਲ ਬਣਾਈਏ ਜੀ
> ਯਾਰਾਂ ਨਾ ਮਜਲਸਾਂ ਵਿੱਚ ਬਹਿ ਕੇ,
> ਰੁਜ਼ਾ ਹੀਰ ਦੇ ਇਸ਼ਕ ਦਾ ਪਾਈਏ ਜੀ ।[20]

### ਹਵਾਲੇ ਤੇ ਟਿੱਪਣੀਆਂ

1) ਕਰਮੂਲਦੀਪ, ਕਰੀਮੂਲ ਲੁਗਾਤ, ਪੰਨਾ 124
2) ਸਾਹਿਤ ਦਰਸ਼ਨ, ਪੰਨਾ 141
3) ਗੁਰਬਦਨ ਸਿੰਘ ਕਿੱਸਾ ਕਾਵਿ ਦੀ ਪਰੰਪਰਾ, ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਨਾ 569
4) ''ਸ਼ਿੰਗਾਰ ਰਸ ਅਤੇ ਪੰਜਾਬੀ ਕਿੱਸਾ ਕਾਵਿ ਵਿੱਚ ਸ਼ਿੰਗਾਰਕ ਪ੍ਰਵਿਰਤੀਆਂ, ਪੰਜਾਬੀ ਸਾਹਿਤ ਧਾਰਾ, ਪੰਨਾ 85–86
5) ਲੋਕ ਧਾਰਾ ਤੇ ਸਾਹਿਤ, ਪੰਨਾ 7
6) ਖੋਜ ਦਰਪਣ ਅੰਕ 15, ਪੰਨਾ 100
7) ਉਹੀ ਰਚਨਾ, ਪੰਨੇ 80–81
8) ਪੰਜਾਬ ਦਾ ਲੋਕ ਸਾਹਿਤ, ਪੰਨਾ 7
9) ਪੰਜਾਬੀ ਦੁਨੀਆਂ, ਪੰਨਾ 4
10) ਲੋਕ ਧਾਰਾ ਤੇ ਸਾਹਿਤ, ਪੰਨਾ 7
11) ਡਾ. ਕਿਰਪਾਲ ਸਿੰਘ ਕਸੇਲ, ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 492
12) ਪੰਜਾਬ ਦੀ ਲੋਕ ਧਾਰਾ, ਪੰਨੇ 151–152
13) ਪੰਜਾਬੀ ਸਾਹਿਤ ਅਤੇ ਸਾਹਿਤਕਾਰ, ਪੰਨਾ 88
14) ਕਿੱਸਾ ਕਾਵਿ, ਪੰਨਾ 1
15) ਉਹੀ, ਪੰਨਾ 31
16) ਲੋਕਧਾਰਾ ਅਤੇ ਸਾਹਿਤ, ਪੰਨਾ 35
17) ਉਹੀ, ਪੰਨਾ 36
18) ਉਹੀ, ਪੰਨਾ 37
19) ਉਹੀ, ਪੰਨਾ 39
20) ਹੀਰ ਵਾਰਿਸ, (ਸੰਪਾ.) ਸ਼ਮਸ਼ੇਰ ਸਿੰਘ ਅਸੇਰ, ਪੰਨਾ 2